# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

***ਈ.ਮੇਲ:*** deoseamritsar@gmail.com ***ਫੋਨ ਅਤੇ ਫੈਕਸ ਨੰਬਰ:*** 0183-2225896

Website: **deoseasr.org** ਰਾਹੀ


ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ
ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-4/2016-3472
ਮਿਤੀ : 01-04-2016

ਵਿਸ਼ਾ ਸਰਕਾਰੀ ਸਕੂਲਾਂ ਵਿੱਚ ਦਾਖਲੇ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਨਵੇਂ ਸੈਸ਼ਨ 2016-17 ਦੀ ਵਧਾਈ ਦਿੰਦਿਆ ਹੋਇਆ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਸਕੂਲ ਦੇ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਯੋਗ ਉਪਰਾਲੇ ਕੀਤੇ ਜਾਣ। ਇਸ ਲਈ ਆਪ ਵੱਲੋਂ ਆਪਣੇ ਫੀਡਰ ਸਕੂਲਾਂ, ਪਿੰਡਾਂ/ਵਾਰਡ ਅਦਿ ਵਿੱਚ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾਂਦੀਆਂ ਵੱਖਰੀਆਂ-ਵੱਖਰੀਆਂ ਸਹੂਲਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ। ਇਸ ਸਬੰਧੀ ਸਕੂਲ ਦਾ ਪੈਂਫਲੇਟ/ਫਲੈਕਸ ਬੋਰਡ ਆਦਿ ਛਪਵਾ/ਬਣਵਾ ਕੇ ਸਬੰਧਤ ਪਿੰਡ/ਵਾਰਡ ਅਤੇ ਫੀਡਰ ਪਿੰਡਾਂ/ਵਾਰਡਾਂ ਵਿੱਚ ਲਗਾਏ ਜਾਣ। ਸਬੰਧਤ ਗੁਰਦੁਆਰਿਆਂ ਦੇ ਸਪੀਕਰ ਵਿੱਚ ਇਸ ਸਬੰਧੀ ਅਨਾਊਸਮੈਂਟ ਕਰਵਾਈ ਜਾਵੇ। ਸਕੂਲ ਸਮੇਂ ਤੋਂ ਬਾਅਦ ਆਪ ਵੱਲੋਂ ਖੁਦ ਅਤੇ ਆਪਣੇ ਅਧਿਆਪਕਾਂ ਨੂੰ ਘਰ-ਘਰ ਭੇਜ ਕੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਡੋਰ-ਟੂ-ਡੋਰ ਕੈਂਪੇਨਿੰਗ ਵੀ ਕੀਤੀ ਜਾ ਸਕਦੀ ਹੈ। ਜਿਹਨਾਂ ਸਕੂਲਾਂ ਦੀ ਇਨਰੋਲਮੈਂਟ ਦਾ ਵਾਧਾ 25% ਤੋਂ ਵੱਧ ਹੋਵੇਗਾ ਉਹਨਾਂ ਨੂੰ ਜਿਲ੍ਹੇ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।
1/4/16